CLASS : 10th (Secondary) **Code No. 3511**

Series : Sec/Annual Exam.-2026

Roll No. | | | | | | | | | | |

SET : A

ਪੰਜਾਬੀ

PUNJABI

(Academic/Open)

(Only for Fresh/Re-appear/Improvement/Additional Candidates)

ਸਮਾਂ : 3 ਘੰਟੇ] ***[ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **8** ਅਤੇ ਪ੍ਰਸ਼ਨ **17** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

www.mseducationtv.com

ਨੋਟ : ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ। ***ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

ਭਾਗ – ੳ

1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : 5

ਘਰ ਇੱਟਾ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਜਿੱਥੇ ਮਨੁੱਖ ਦਾ ਪਿਆਰ ਤੇ ਮੱਧਰਾਂ ਪਲਦੀਆਂ ਹਨ, ਜਿੱਥੇ ਬਚਪਨ ਵਿੱਚ ਮਾਂ, ਭੈਣ ਅਤੇ ਭਰਾ ਕੋਲੋ ਲਾਡ ਪਿਆਰ ਲਿਆਂ ਹੁੰਦਾ ਹੈ। ਜਿੱਥੇ ਬੁਢਾਪੇ ਵਿੱਚ ਰਹਿ ਕੇ ਸਾਰੇ ਜੀਵਨ ਦੇ ਝਮੇਖਿਆਂ ਤੇ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਦਿਉ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਹੈ, ਮਨੁੱਖ ਦਾ ਆਚਰਨ ਬਣਾਉਣ ਵਿੱਚ ਘਰ ਦੇ ਹਾਲਾਤ ਵੱਡੀ ਭੂਮਿਕਾ ਅਦਾ ਕਰਦੇ ਹਨ। ਕਈ ਵਾਰ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਿੱਝੂ ਸੁਭਾ ਵਾਲਾ ਵੇਖਦਾ ਹਾਂ ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆਂ ਹੋਣਾ।

ਪ੍ਰਸ਼ਨ :

(i) ਘਰ ਤੋਂ ਲੇਖਕ ਦਾ ਕੀ ਭਾਵ ਹੈ?

(ii) ਕਿਸ ਸੁਭਾਅ ਦੇ ਵਿਅਕਤੀ ਨੂੰ ਘਰ ਦਾ ਪਿਆਰ ਨਹੀਂ ਮਿਲਦਾ?

(iii) ਮਨੁੱਖ ਦੀਆਂ ਮੱਧਰਾਂ ਕਿੱਥੇ ਪਲਦੀਆਂ ਹਨ?

(iv) ਢੁੱਕਵਾਂ ਸਿਰਲੇਖ ਲਿਖੋ।

2. (i) 'ਖਾਨਾ' ਪਿਛੇਤਰ ਤੋਂ ਇੱਕ ਸ਼ਬਦ ਬਣਾਓ। 1

(ii) 'ਸੁਖ' ਅਗੇਤਰ ਤੋਂ ਇੱਕ ਸ਼ਬਦ ਬਣਾਓ। 1

(iii) ਪਹਾੜਾਂ ਦੇ ਕੀ-ਕੀ ਲਾਭ ਹਨ? (ਸਾਧਾਰਨ ਵਾਕ ਬਣਾਓ) 1

(iv) ਗਗਨ ਕਦੇ ਝੂਠ ਨਹੀਂ ਬੋਲਦੀ (ਹਾਂ ਵਾਚਕ ਵਾਕ ਬਣਾਓ) 1

3. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ***ਸਹੀ*** ਉੱਤਰ ਚੁਣ ਕੇ ਲਿਖੋ :

(i) ਸ਼ੁੱਧ ਸ਼ਬਦ ਚੁਣੋ : 1

(ੳ) ਦਵਾਈ (ਅ) ਦਵਾਇ

(ੲ) ਦੀਵਾਇ (ਸ) ਕੋਈ ਵੀ ਨਹੀਂ

www.mseducationtv.com

(ii) 'ਸੱਦੀ ਨਾਂ ਬੁਲਾਈ ....' ਅਖਾਣ ਪੂਰੀ ਕਰੋ। 1

(ੳ) ਮੈਂ ਮੁੰਡੇ ਦੀ ਤਾਈ (ਅ) ਮੈਂ ਲਾੜੇ ਦੀ ਤਾਈ

(ੲ) ਮੈਂ ਲਾੜੇ ਦੀ ਭਰਜਾਈ (ਸ) ਮੈਂ ਲਾੜੇ ਦੀ ਝਾਈ

(iii) ਬੱਚੇ ਹਸੱਦੇ ਹਨ (ਕਿਹੋ ਜਿਹੀ ਕਿਰਿਆ ਹੈ) 1

(ੳ) ਸਕਰਮਕ ਕਿਰਿਆ (ਅ) ਅਕਰਮਕ ਕਿਰਿਆ

(ੲ) ਸਹਾਇਕ ਕਿਰਿਆ (ਸ) ਸੰਯੋਜਕ ਕਿਰਿਆ

(iv) ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ? 1

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

4. ਹੇਠ ਲਿਖੇ ਵਾਕ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : 3

ਹੈ ਇਸਤਰੀ ਨੇ ਡਾਕੂ ਮਾਰ ਭਜਾ ਦਿੱਤੇ

5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ***ਇੱਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿੱਚ ਵਰਤੋ : 2

(i) ਅੱਖ ਲੱਗਣੀ

(ii) ਕੰਨ ਭਰਨੇ

6. ਹੇਠ ਲਿਖੇ ਵਾਕ ਨੂੰ ਸੁੱਧ ਕਰਕੇ ਲਿਖੋ : 2

ਮੈਂ ਬਰਫ਼ੀ ਨੂੰ ਖਾਧੀ।

www.mseducationtv.com

7. ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਵਿਸ਼ੇ ਤੇ ਦਿੱਤੇ ਨੁਕਤਿਆਂ ਦੇ ਆਧਾਰ 'ਤੇ **200** ਸ਼ਬਦਾਂ ਦਾ ਨਿਬੰਧ ਲਿਖੋ : 5

(i) **ਗੁਰੂ ਗੋਬਿੰਦ ਸਿੰਘ ਜੀ**

ਸਿੱਖਾ ਦੇ ਦਸਵੇਂ ਗੁਰੂ, ਜਨਮ, ਮਾਤਾ-ਪਿਤਾ, ਪਿਤਾ ਦੀ ਕੁਰਬਾਣੀ ਜੰਗੀ ਤਿਆਰੀਆਂ ਮੁਗਲ ਫੋਜਾ ਨਾਲ ਯੁੱਧ, ਤਲਵੰਡੀ ਸਾਬੋ ਵਿੱਚ, ਜੋਤੀ ਜੋਤ ਸਮਾਣਾ।

(ii) **ਸੋਸ਼ਲ ਮੀਡੀਆ**

ਜਾਣ ਪਛਾਣ, ਨਿਜੀ ਜਾਣਕਾਰੀ, ਪਰਚਾਰ ਅਤੇ ਲੋਕਰਾਏ ਬਣਾਉਨ ਵਿੱਚ ਸਹਾਇਕ, ਪਰਚਾਰ ਅਤੇ ਲੋਕ ਰਾਏ ਬਣਾਉਨ ਵਿੱਚ ਸਹਾਇਕ ਬਿਜਨਸਮੈਨਾ ਦੀ ਦੁਕਾਨਦਾਰੀ ਮਨੋਰੰਜਨ ਦਾ ਸਾਧਨ।

(iii) **ਸਾਡੇ ਤਿਉਹਾਰ**

ਜਾਣ ਪਛਾਣ, ਲੋਹੜੀ, ਮਾਘੀ, ਹੋਲੀ ਰੱਖੜੀ, ਦੁਸਹਿਰਾ, ਦੀਵਾਲੀ ਗੁਰਪੁਰਬ, ਮਹੱਤਵ।

8. ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਕੋਈ ***ਇੱਕ*** ਪੱਤਰ ਲਿਖੋ। 5

ਆਪਣੀ ਸਹੇਲੀ ਨੂੰ ਪ੍ਰੀਖਿਆਂ ਤੋਂ ਪਿੱਛੋ ਗਰਮੀਆਂ ਦੀਆਂ ਛੁੱਟੀਆਂ ਇਕੱਠੇ ਬਤੀਤ ਕਰਨ ਦਾ ਪ੍ਰੋਗਰਾਮ ਲਿਖੋ।

ਪਤਾ.......ਸਤਿਕਾਰ ਭਰੇ ਸ਼ਬਦ.......ਵਿਸ਼ਾ.......ਛੁੱਟੀਆਂ ਦੀ ਰੂਪ ਰੇਖਾ

ਜਾਂ

ਆਪਣੇ ਮਿੱਤਰ/ਸਹੇਲੀ ਨੂੰ ਜੋ ਦਸਵੀਂ ਵਿੱਚੋਂ ਪਾਸ ਹੋ ਗਿਆ ਹੈ ਇੱਕ ਵਧਾਈ ਪੱਤਰ ਲਿਖੋ।

ਪਤਾ.......ਸਤਿਕਾਰ ਭਰੇ ਸ਼ਬਦ.......ਵਿਸ਼ਾ.......ਵਧਾਈ.......ਧੰਨਵਾਦ ਸਿਰਨਾਵਾਂ

ਭਾਗ – ਅ

9. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : $1 \times 3 = 3$

ਗੁੰਮ ਨੇ ਰਸੋਈ ਵਿਚੋਂ ਚਾਟੀਆਂ ਮਧਾਣੀਆਂ।

ਬਰਗਰਾਂ ਤੇ ਪੀਜ਼ਿਆਂ ਨੇ ਪੱਟੀਆਂ ਸੁਆਣੀਆਂ।

ਖਾਣ ਪੀਣ ਪਹਿਰਾਵਾ ਆਪਣਾ ਗੁਆਚਿਆਂ,

ਵਗੀਆਂ ਨੇ ਪੱਛਮੀ ਹਵਾਵਾਂ ਮਰ ਜਾਣੀਆਂ।

www.mseducationtv.com

ਜਾਂ

ਘਰ ਤਾਂ ਮਾਂ ਦੇ ਨਾਲ ਹੀ ਸੋਹਣਾ-ਸੋਹਣਾ ਲਗਦਾ ਹੈ,
ਮਾਸੀ ਵੀ ਨਾਲ ਹੋਵੇ ਤਾਂ ਹੋਰ ਫਬਦਾ ਹੈ,
ਸ਼ਾਲਾ ਵਸਦੇ ਰਵ੍ਹੇ ਹਮੇਸ਼ਾ ਜਹਾਨ ਪੰਜਾਬੀ ਦਾ,
ਜ਼ੁੱਗ ਜ਼ੁੱਗ ਕਹੇ ਉੱਠੇ.............

10. ਬਹੁਵਿਕਲਪੀ ਉੱਤਰ ਵਿੱਚੋਂ ਸਹੀ ਉੱਤਰ ਲਿਖੋ :

(i) 'ਮਾਣ ਪੰਜਾਬੀ ਦਾ' ਕਵਿਤਾ ਕਿਸ ਕਵੀ ਦੀ ਲਿੱਖੀ ਹੋਈ ਹੈ? 1

(ੳ) ਪਾਸ਼ (ਅ) ਸ. ਸ. ਮੀਸ਼ਾ

(ੲ) ਕੁਲਵੰਤ ਸਿੰਘ ਰਫੀਕ (ਸ) ਅੰਮ੍ਰਿਤਾ ਪ੍ਰੀਤਮ

(ii) ਦਾਦੀ ਕਹਾਣੀਆਂ ਕਿਸ ਨੂੰ ਸੁਣਾਏਗੀ? 1

(ੳ) ਸਹੇਲੀਆਂ ਨੂੰ (ਅ) ਪੋਤੇ ਨੂੰ

(ੲ) ਮਾਸੀਆਂ ਨੂੰ (ਸ) ਧੀਆਂ ਨੂੰ

(iii) ਧੀ ਕਿੱਥੇ ਬੈਠਣਾ ਲੋਚਦੀ ਹੈ? 1

(ੳ) ਮਾਂ ਦੀ ਗੋਦੀ ਵਿੱਚ (ਅ) ਬਾਜ਼ਾਰ ਵਿੱਚ

(ੲ) ਸੜਕ ਤੇ (ਸ) ਪਾਰਕ ਵਿੱਚ

(iv) ਕਿਕਲੀ ਕਿੱਥੇ ਪੈਂਦੀ ਹੈ? 1

(ੳ) ਕਮਰੇ ਵਿੱਚ (ਅ) ਆਕਾਸ ਵਿੱਚ

(ੲ) ਰੁੱਖਾ ਹੇਠ (ਸ) ਪਾਤਾਲ ਵਿੱਚ

www.mseducationtv.com

(v) ਅਲਾਣੀ ਮੰਜੀ ਤੋਂ ਕੀ ਭਾਵ ਹੈ? 1

(ੳ) ਬਿਨ੍ਹਾ ਬਿਸਤਰੇ ਤੋਂ ਵਾਣ ਦੀ ਮੰਜੀ

(ਅ) ਪਲਾਸਟਿਕ ਦੀ ਮੰਜੀ

(ੲ) ਟੁੱਟੀ ਮੰਜੀ

(ਸ) ਲਕੜ ਦੀ ਮੰਜੀ

11. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇੱਕ ਸ਼ਬਦ ਵਾਲੇ) :

(i) ਰਜਨੀ ਨੇ ਸੱਪ ਨੂੰ ਕਿਥੇ ਭੋਜਨ ਦੀ ਮੰਗ ਕੀਤੀ। 1

(ii) ਨਾਨੀ ਦਾ ਪਿਆਰ ਕਹਾਣੀ ਦਾ ਲੇਖਕ ਕੌਣ ਹੈ? 1

(iii) ਮੀਨਾਕਸ਼ੀ ਦੀ ਮੰਮੀ ਦਾ ਕੀ ਨਾਂ ਹੈ? 1

(iv) ਸੱਪ ਕਿੱਥੇ ਵੜ ਗਿਆ? 1

(v) ਬੂਟਿਆਂ ਦੇ ਗਮਲੇ ਕਿਸ ਦੇ ਸਨ? 1

12. ਕਿਸੇ ***ਤਿੰਨ*** ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਬੇਬੇ ਰਾਮ ਭਜਨੀ ਦੇ ਪਤੀ ਦਾ ਕੀ ਨਾਂ ਹੈ? 1

(ii) ਕਿਸਾਨ ਦੇ ਘਰ ਕੌਣ ਬੀਮਾਰ ਸੀ? 1

(iii) ਕਿਸ ਨੇ ਰਾਜੇ ਦੀਆਂ ਅੱਖਾਂ ਖੋਲ ਦਿਤੀਆਂ? 1

(iv) ਡੱਡੂ ਦੇ ਸਾਥੀ ਨੂੰ ਕੌਣ ਖਾ ਗਿਆ? 1

(v) ਸਾਧੂ ਨੂੰ ਕਿਸ ਨੇ ਭੇਜਿਆ ਸੀ? 1

www.mseducationtv.com

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿੱਚ ਲਿਖੋ :

(i) ਹਉਮੈ ਕਿਸ ਤਰ੍ਹਾਂ ਮਨੁੱਖੀ ਦਿਮਾਗ ਨੂੰ ਹੰਕਾਰ ਨਾਲ ਭਰਦੀ ਹੈ? 2

(ii) ਜਮੀਨਾਂ ਵੇਚ ਕੇ ਪੰਜਾਬੀ ਕੀ ਖਰੀਦ ਰਹੇ ਹਨ? 2

(iii) ਸਾਡੇ ਸ਼ਰੀਰ ਵਿੱਚ ਆਲਸ ਕਿਉਂ ਰਹਿੰਦਾ ਹੈ? 2

(iv) ਘਾਹ ਦੇ ਮੈਦਾਨ ਵਿੱਚ ਲੇਖਕ ਨੂੰ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ। 2

14. ਛੋਟੇ ਉੱਤਰਾਂ ਵਾਲੇ ਪ੍ਰਸ਼ਨ (**20-25** ਸ਼ਬਦਾਂ ਵਿੱਚ ਉੱਤਰ ਲਿਖੋ) :

(i) ਨਾਨਕ ਸਿੰਘ ਦੇ ਨਾਵਲਾਂ ਦਾ ਵਿਸ਼ਾ ਕੀ ਹੈ? 2

(ii) ਮੈਲਬੋਰਨ ਵਿੱਚ ਕਿਹੜੀ ਚੀਜ ਨੇ ਮਿਲਖਾ ਸਿੰਘ ਨੂੰ ਪ੍ਰਭਾਵਿਤ ਕੀਤਾ? 2

(iii) ਟਾਹਲੀ ਤੇ ਬੈਠੇ ਤੋਤਾ-ਮੈਨਾ ਕੀ ਗੱਲਾਂ ਕਰਦੇ ਹਨ? 2

(iv) ਡਾ. ਕਲਾਮ ਦੀ ਰਹਿਣੀ ਬਹਿਣੀ ਕਿਹੋ ਜਿਹੀ ਸੀ? 2

15. ਵੱਡੇ ਉੱਤਰਾਂ ਵਾਲੇ ਪ੍ਰਸ਼ਨ **30-35** ਸ਼ਬਦਾਂ ਵਿੱਚ ਲਿਖੋ :

(i) ਪੰਜਾਬੀ ਭਾਸ਼ਾ ਬਾਰੇ ਕਵੀ ਕੀ ਵਿਚਾਰ ਪੇਸ਼ ਕਰਦਾ ਹੈ? 3

ਜਾਂ

ਧੀ ਨੂੰ ਸਮਾਜ ਵਿੱਚ ਕੀ ਸਥਾਨ ਮਿਲ ਰਿਹਾ ਹੈ? ਆਪਣੇ ਵਿਚਾਰ ਪੇਸ਼ ਕਰੋ।

(ii) ਰੁੱਖ ਮਨੁੱਖੀ ਜੀਵਨ ਲਈ ਸਮਰਪਿਤ ਹਨ? ਇਸ ਕਥਨ ਦੀ ਪੁਸ਼ਟੀ ਕਰੋ। 3

ਜਾਂ

"ਪੰਜਾਬੀ ਸਭਿਆਚਾਰ ਉੱਪਰ ਪੱਛਮੀ ਪ੍ਰਭਾਵ ਪੈ ਰਿਹਾ ਹੈ" ਇਸ ਕਥਨ, ਦੀ ਪੁਸ਼ਟੀ ਕਰੋ।

www.mseducationtv.com

16. (i) ਹੰਕਾਰੀ ਮਨੁੱਖ ਤੋਂ ਕਿਸ ਤਰ੍ਹਾਂ ਬਚਿਆ ਜਾ ਸਕਦਾ ਹੈ? 3

ਜਾਂ

ਕੀ ਤੁਸੀ ਕਿਸੀ ਪਹਾੜੀ ਸਥਾਨ ਦੀ ਯਾਤਰਾ ਕੀਤੀ ਹੈ? ਆਪਣਾ ਅਨੁਭਵ ਬਿਆਨ ਕਰੋ।

(ii) ਓ.ਸੀ.ਆਰ. (O.C.R.) ਸਾਫਟਵੇਅਰ ਬਾਰੇ ਦੱਸੋ? 3

ਜਾਂ

ਵਿਆਹ ਵੇਲੇ ਪਰਿਵਾਰ ਵਿੱਚ ਕਿਹੜੀਆਂ ਰਸਮਾਂ ਕੀਤੀਆਂ ਜ਼ਾਦੀਆਂ ਹਨ? ਵਿਸਥਾਰ ਸਹਿਤ ਲਿਖੋ।

17. (i) ਕੰਪਿਊਟਰ ਕੀ ਹੁੰਦਾ ਹੈ? ਇਹ ਮਨੁੱਖ ਲਈ ਕਿਵੇਂ ਉਪਯੋਗੀ ਹੈ? 3

ਜਾਂ

ਆਸਟ੍ਰੇਲੀਆ ਵਿੱਚ ਲੇਖਕ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਯਾਦ ਆਉਂਦੀਆਂ ਹਨ।

(ii) ਜੇਕਰ ਘੱਟ ਨੀਂਦ ਤੋਂ ਤੁਸੀ ਪਰੇਸ਼ਾਨ ਹੋ ਤਾਂ ਤੁਸੀ ਕੀ ਢੰਗ ਅਪਣਾਉਗੇ? ਆਪਣੇ ਵਿਚਾਰ ਪੇਸ਼ ਕਰੋ। 3

ਜਾਂ

ਪੰਜਾਬੀਆਂ ਦੀ ਸੋਚ ਦਾ ਤੁਹਾਡੇ ਮਨ ਉੱਪਰ ਕੀ ਅਸਰ ਪਿਆਂ ਹੈ? ਆਪਣੇ ਵਿਚਾਰ ਪੇਸ਼ ਕਰੋ।

www.mseducationtv.com